## ਅਧਿਆਇ 14

# ਅੱਯੂਬ ਦਾ ਉੱਤਰ

## (ਭਾਗ 3)

### ਮਨੁੱਖ ਦਾ ਸੰਖੇਪ ਅਤੇ ਮੁਸੀਬਤ ਵਾਲਾ ਜੀਵਨ (14:1-6)

**[1]ਆਦਮੀ ਜੋ ਤੀਵੀਂ ਤੋਂ ਜੰਮਦਾ ਹੈ ਥੋੜ੍ਹਿਆਂ ਦਿਨਾਂ ਦਾ ਹੈ ਅਤੇ ਬਿਪਤਾ ਨਾਲ ਭਰਿਆ
ਹੋਇਆ ਹੈ। [2]ਉਹ ਫੁੱਲ ਵਾਂਙੁ ਨਿੱਕਲਦਾ, ਫੇਰ ਤੋੜਿਆ ਜਾਂਦਾ ਹੈ, ਉਹ ਸਾਯੇ ਵਾਂਙੁ ਢਲ
ਜਾਂਦਾ ਅਤੇ ਠਹਿਰਦਾ ਨਹੀਂ। [3]ਕੀ ਅਜੇਹੇ ਉੱਤੇ ਤੂੰ ਆਪਣੀਆਂ ਅੱਖਾਂ ਖੋਲ੍ਹਦਾ ਹੈਂ, ਅਤੇ ਮੈਨੂੰ
ਆਪਣੇ ਨਾਲ ਨਿਆਉਂ ਵਿੱਚ ਲਿਆਉਂਦਾ ਹੈਂ? [4]ਕੌਣ ਅਸ਼ੁੱਧ ਵਿੱਚੋਂ ਸ਼ੁੱਧ ਨਿਕਾਲ ਸੱਕਦਾ ਹੈ?
ਪਰ ਕੋਈ ਨਹੀਂ। [5]ਜੇ ਉਹ ਦੇ ਦਿਨ ਠਹਿਰਾਏ ਹੋਏ ਹਨ, ਅਤੇ ਉਹ ਦੇ ਮਹੀਨੇ ਤੇਰੇ ਨਾਲ
ਗਿਣੇ ਹੋਏ ਹਨ, ਅਤੇ ਤੈਂ ਉਹ ਦੀਆਂ ਹੱਦਾਂ ਨੂੰ ਬਣਾਇਆ ਭਈ ਉਹ ਨਾ ਲੰਘੇ, [6]ਤਾਂ ਉਹ ਦੀ
ਵੱਲੋਂ ਆਪਣੀ ਨਿਗਾਹ ਹਟਾ ਲੈ, ਭਈ ਉਹ ਵਿਸਮ ਲਵੇ, ਜਦ ਤੀਕ ਉਹ ਮਜ਼ੂਰ ਵਾਂਙੁ
ਆਪਣੇ ਦਿਨ ਵਿੱਚ ਮੌਜ ਨਾ ਕਰ ਲਵੇ।**

**ਆਇਤ 1.** ਤਿੰਨ ਛੋਟੇ ਵਾਕ ਸਾਡੀਆਂ ਮਨੁੱਖੀ ਸੀਮਾਵਾਂ ਨੂੰ ਦਰਸਾਉਂਦੇ ਹਨ: **ਤੀਵੀਂ ਤੋਂ ਜੰਮਦਾ, ਥੋੜ੍ਹਿਆਂ ਦਿਨਾਂ ਅਤੇ ਬਿਪਤਾ ਨਾਲ ਭਰਿਆ।**

**ਆਇਤ 2. ਫੁੱਲ** ਅਤੇ **ਸਾਯਾ** ਸਾਡੀ ਉਮਰ ਨੂੰ ਦਰਸਾਉਂਦੇ ਹਨ। ਦੋਵੇਂ ਰੂਪਕ ਜੀਵਨ ਦੀ ਸੰਖੇਪਤਾ ਦਾ ਵਰਣਨ ਕਰਨ ਲਈ ਵਚਨ ਵਿਚ ਅਕਸਰ ਆਉਂਦੇ ਹਨ (1 ਇਤਹਾਸ 29:15; ਅੱਯੂਬ 8:9; ਜ਼ਬੂਰਾਂ 102:11; 103:15, 16; 109:23; 144:4; ਉਪਦੇਸ਼ਕ ਦੀ ਪੋਥੀ 6:12; 8:13; ਯਸਾਯਾਹ 40:6-8; ਯਾਕੂਬ 1:10, 11; 1 ਪਤਰਸ 1:24)। ਉਹ ਜਿਹੜੇ ਬਸੰਤ ਦੀ ਬਾਰਸ਼ ਤੋਂ ਬਾਅਦ ਫਲਿਸਤੀਨ ਦੀ ਯਾਤਰਾ ਕਰ ਚੁੱਕੇ ਹਨ ਉਹ ਫੁੱਲਾਂ ਦੀ ਭਰਮਾਰ ਤੋਂ ਜਾਣੂ ਹਨ ਜੋ ਜਲਦੀ ਖਿੜਦੇ ਹਨ ਪਰ ਛੇਤੀ ਹੀ ਪੂਰਬੀ ਰੇਗਿਸਤਾਨ ਦੀਆਂ ਤੇਜ਼ ਹਵਾਵਾਂ ਦੁਆਰਾ ਝੜ ਜਾਂਦੇ ਹਨ।

**ਆਇਤਾਂ 3-6.** ਅੱਯੂਬ ਨੇ ਮੰਨਿਆ ਕਿ ਕੋਈ ਵੀ ਪਰਮੇਸ਼ੁਰ ਦੀ ਪੜਤਾਲ ਅਤੇ ਨਹੀਂ ਖੜ੍ਹਾ ਹੋ ਸਕਦਾ। ਸਾਰਿਆਂ ਨੂੰ ਇਹ ਐਲਾਨ ਕਰਨਾ ਪਵੇਗਾ ਕਿ ਉਹ ਉਸ ਦੇ ਅੱਗੇ ਨੈਤਿਕ ਤੌਰ ਤੇ **ਅਸ਼ੁੱਧ** ਹਨ (ਜ਼ਬੂਰ 143:2)। ਅੱਯੂਬ ਨੇ ਮਨੁੱਖ ਦੇ ਜੀਵਨ ਕਾਲ ਉੱਤੇ ਵੀ ਪਰਮੇਸ਼ੁਰ ਦੇ ਸਰਵਸ਼ਕਤੀਮਾਨ ਹੋਣ ਨੂੰ ਪਛਾਣ ਲਿਆ: **ਜੇ ਉਹ ਦੇ ਦਿਨ ਠਹਿਰਾਏ ਹੋਏ ਹਨ, ਅਤੇ ਉਹ ਦੇ ਮਹੀਨੇ ਤੇਰੇ ਨਾਲ ਗਿਣੇ ਹੋਏ ਹਨ।** ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਸਾਡੀ ਉਮਰ ਦੇ ਦਿਨ ਸੱਤ੍ਰ ਵਰ੍ਹੇ ਹਨ, ਪਰ ਜੇ ਸਾਹ ਸਤ ਹੋਵੇ ਤਾਂ ਅੱਸੀ ਵਰ੍ਹੇ, ਪਰ ਉਨ੍ਹਾਂ ਦੀ ਆਕੜ ਕਸ਼ਟ ਅਤੇ ਸੋਗ ਹੀ ਹੈ, ਉਹ ਛੇਤੀ ਬੀਤ ਜਾਂਦੇ ਹਨ ਅਤੇ ਅਸੀਂ ਉਡਾਰੀ ਮਾਰ ਜਾਂਦੇ ਹਾਂ" (ਜ਼ਬੂਰ 90:10)। ਅੱਯੂਬ ਨੇ ਸਿਰਫ ਕਿਹਾ ਕਿ ਪਰਮੇਸ਼ੁਰ ਉਹ ਦੀ **ਵੱਲੋਂ ਆਪਣੀ ਨਿਗਾਹ ਹਟਾ ਲਵੇ**

**ਭਈ ਉਹ ਵਿਸਮ ਲਵੇ।** ਉਸ ਨੇ ਆਪਣੇ ਮੁਸ਼ਕਲ ਦਿਨਾਂ ਦੀ ਤੁਲਨਾ ਇਕ **ਮਜ਼ੂਰ** ਨਾਲ ਕੀਤੀ (ਵੇਖੋ 7:1, 2)।

## ਮਨੁੱਖ ਦੀ ਇਕ ਰੁੱਖ ਨਾਲ ਤੁਲਨਾ (14:7-12)

**[7]ਰੁੱਖ ਲਈ ਤਾਂ ਆਸਾ ਹੈ, ਭਈ ਜੇ ਉਹ ਕੱਟਿਆ ਜਾਵੇ ਤਾਂ ਉਹ ਫੇਰ ਫੁੱਟੇਗਾ, ਅਤੇ ਉਹ ਦੀਆਂ ਕੂੰਬਲਾਂ ਨਾ ਮੁੱਕਣਗੀਆਂ। [8]ਭਾਵੇਂ ਉਹ ਦੀ ਜੜ੍ਹ ਧਰਤੀ ਵਿੱਚ ਪੁਰਾਣੀ ਪੈ ਜਾਵੇ, ਅਤੇ ਉਹ ਦਾ ਟੁੰਡ ਮਿੱਟੀ ਵਿੱਚ ਗਲ ਜਾਵੇ, [9]ਤਾਂ ਵੀ ਪਾਣੀ ਦੀ ਵਾਸ ਤੋਂ ਉਹ ਦੀਆਂ ਕੂੰਬਲਾਂ ਫੁੱਟ ਨਿੱਕਲਣਗੀਆਂ ਅਤੇ ਬੂਟੇ ਵਾਂਙੁ ਉਹ ਟਹਿਣੀਆਂ ਕੱਢੇਗਾ। [10]ਪਰ ਪੁਰਖ ਮਰ ਜਾਂਦਾ ਤੇ ਨਿੱਸਲ ਪੈ ਜਾਂਦਾ ਹੈ, ਅਤੇ ਆਦਮੀ ਪ੍ਰਾਣ ਛੱਡ ਦਿੰਦਾ ਹੈ ਤਾਂ ਉਹ ਹੈ ਕਿੱਥੇ? [11]ਪਾਣੀ ਸਮੁੰਦਰ ਤੋਂ ਜਾਂਦਾ ਰਹਿੰਦਾ ਹੈ, ਅਤੇ ਦਰਿਆ ਸੁੱਕ ਕੇ ਮੁੱਕ ਜਾਂਦਾ ਹੈ, [12]ਤਿਵੇਂ ਮਨੁੱਖ ਲੇਟਦਾ ਅਤੇ ਫਿਰ ਨਹੀਂ ਉੱਠਦਾ ਹੈ, ਜਦ ਤੀਕ ਅਕਾਸ਼ ਟਲ ਨਾ ਜਾਣ ਓਹ ਨਾ ਜਾਗਣਗੇ, ਨਾ ਆਪਣੀ ਨੀਂਦ ਤੋਂ ਜਗਾਏ ਜਾਣਗੇ।**

**ਆਇਤਾਂ 7-9.** ਜਿਵੇਂ ਕਿ ਅੱਯੂਬ ਨੇ ਸੋਚਿਆ ਕਿ ਜੇ ਕੋਈ ਆਦਮੀ ਆਪਣੀ ਮੌਤ ਤੋਂ ਬਾਅਦ ਦੁਬਾਰਾ ਜੀਉਂਦਾ ਹੋ ਸਕਦਾ ਹੈ, ਉਸ ਨੇ ਇਕ **ਰੁੱਖ** ਤੇ ਵਿਚਾਰ ਕੀਤਾ। ਇਕ ਰੁੱਖ ਲਈ ਜੋ **ਕੱਟਿਆ** ਗਿਆ ਹੈ ਉਸ ਦਾ **ਇਹ ਦੀਆਂ ਕੂੰਬਲਾਂ** ਤੋਂ **ਫੇਰ ਫੁੱਟਣਾ** ਸੰਭਵ ਹੈ (ਵੇਖੋ ਯਸਾਯਾਹ 11:1)। ਕਿਉਂਕਿ ਇਸ ਦੀਆਂ **ਜੜ੍ਹਾਂ** ਹਾਲੇ ਵੀ ਸਵਸਥ ਹਨ, ਇਹ **ਪਾਣੀ ਦੀ ਵਾਸ** ਤੋਂ ਜੋ ਇਸ ਨੂੰ ਮਿਲਦਾ ਹੈ ਫੁੱਟ **ਨਿੱਕਲਣਗੀਆਂ।**

**ਆਇਤ 10. ਪਰ ਪੁਰਖ ਮਰ ਜਾਂਦਾ ਤੇ ਨਿੱਸਲ ਪੈ ਜਾਂਦਾ ਹੈ, ਅਤੇ ਆਦਮੀ ਪ੍ਰਾਣ ਛੱਡ ਦਿੰਦਾ ਹੈ ਤਾਂ ਉਹ ਹੈ ਕਿੱਥੇ?** ਪੁਰਾਣੇ ਨੇਮ ਵਿਚ ਇਸ ਪ੍ਰਸ਼ਨ ਦਾ ਕੋਈ ਪੂਰਾ ਉੱਤਰ ਨਹੀਂ ਦਿੱਤਾ ਗਿਆ ਸੀ। ਵਚਨ ਵਿਚ ਕਬਰ ਤੋਂ ਪਰੇ ਹੋਂਦ ਦੀ ਨਿੰਮ੍ਹੀ ਜਿਹੀ ਝਲਕ ਦਿੱਤੀ ਗਈ ਹੈ। ਮੂਸਾ ਨੇ ਲਿਖਿਆ ਕਿ "ਹਨੋਕ ਪਰਮੇਸ਼ੁਰ ਦੇ ਸੰਗ ਚਲਦਾ ਚਲਦਾ ਅਲੋਪ ਹੋ ਗਿਆ ਕਿਉਂਜੋ ਪਰਮੇਸ਼ੁਰ ਨੇ ਉਸ ਨੂੰ ਲੈ ਲਿਆ" (ਉਤਪਤ 5:24)। ਏਲੀਯਾਹ ਨਬੀ "ਵਾਵਰੋਲੇ ਵਿੱਚ ਅਕਾਸ਼ ਨੂੰ ਚੜ੍ਹ ਗਿਆ" (2 ਰਾਜਿਆਂ 2:11)। ਦਾਊਦ ਜਾਣਦਾ ਸੀ ਕਿ "ਮੌਤ ਦੀ ਛਾਂ ਦੀ ਵਾਦੀ ਵਿੱਚੋਂ" ਲੰਘਣ ਤੇ ਪਰਮੇਸ਼ੁਰ ਉਸ ਦੇ ਸੰਗ ਹੋਵੇਗਾ (ਜ਼ਬੂਰ 23:4)। ਪਰ, ਯਿਸੂ ਨੇ "ਮੌਤ ਦਾ ਨਾਸ ਕਰ ਦਿੱਤਾ ਅਤੇ ਜੀਵਨ ਅਤੇ ਅਬਨਾਸ ਨੂੰ ਖੁਸ਼ ਖਬਰੀ ਦੇ ਰਾਹੀਂ ਪਰਕਾਸ਼ ਕੀਤਾ" (2 ਤਿਮੋਥਿਉਸ 1:10)।

**ਆਇਤਾਂ 11, 12.** ਅੱਯੂਬ ਨੇ ਸਿੱਟਾ ਕੱਢਿਆ ਕਿ ਮਨੁੱਖ ਇਕ ਰੁੱਖ ਵਰਗਾ ਨਹੀਂ ਹੈ। ਇਸ ਦੀ ਬਜਾਇ, ਉਹ **ਸਮੁੰਦਰ** ਜਾਂ **ਦਰਿਆ** ਵਰਗਾ ਹੈ ਜੋ **ਮੁੱਕ ਜਾਂਦਾ ਹੈ** ਅਤੇ **ਸੁੱਕ ਕੇ ਮੁੱਕ ਜਾਂਦਾ ਹੈ।** ਅੱਯੂਬ ਨੂੰ ਉਸ ਜੀ ਉੱਠਣ ਦਾ ਗਿਆਨ ਨਹੀਂ ਸੀ ਜੋ ਅੱਜ ਸਾਡੇ ਕੋਲ ਹੈ। ਯਿਸੂ ਮਸੀਹ ਰਾਹੀਂ ਸਾਡੇ ਕੋਲ ਕਿੰਨੀ ਸ਼ਾਨਦਾਰ ਬਰਕਤ ਹੈ! ਉਸ ਨੇ ਮੌਤ ਦਾ ਨਾਸ ਕਰ ਦਿੱਤਾ ਹੈ। ਉਸ ਨੇ ਸਾਡੇ ਲਈ ਜਿੱਤ ਪ੍ਰਾਪਤ ਕੀਤੀ ਹੈ (1 ਕੁਰਿੰਥੀਆਂ 15:20-26, 50-57)।

## "ਕੀ ਮੌਤ ਵਿਚ ਸ਼ਾਂਤੀ ਹੈ?" (14:13-17)

**[13]ਕਾਸ਼ ਕਿ ਤੂੰ ਮੈਨੂੰ ਪਤਾਲ ਵਿੱਚ ਲੁਕਾ ਦੇਵੇਂ, ਅਤੇ ਮੈਨੂੰ ਛਿਪਾ ਰੱਖੇਂ ਜਦ ਤੀਕ ਤੇਰਾ ਕ੍ਰੋਧ ਨਾ ਹਟੇ, ਅਤੇ ਮੇਰੇ ਲਈ ਖਾਸ ਵੇਲਾ ਠਹਿਰਾਵੇਂ ਅਤੇ ਮੈਨੂੰ ਚੇਤੇ ਰੱਖੇਂ। [14]ਜੇ ਪੁਰਖ ਮਰ**

**ਜਾਵੇ ਤਾਂ ਉਹ ਫੇਰ ਜੀਵੇਗਾ? ਆਪਣੇ ਜੁੱਧ ਦੇ ਸਾਰੇ ਦਿਨ ਮੈਂ ਉਡੀਕ ਵਿੱਚ ਰਹਾਂਗਾ, ਜਦ**
**ਤੀਕ ਮੇਰੀ ਵਾਰੀ ਨਾ ਆਵੇ। 15ਤੂੰ ਪੁਕਾਰੇਂਗਾ ਅਤੇ ਮੈਂ ਤੈਨੂੰ ਉੱਤਰ ਦਿਆਂਗਾ, ਤੂੰ ਆਪਣੇ**
**ਹੱਥਾਂ ਦੇ ਕੰਮ ਨੂੰ ਚਾਹਵੇਂਗਾ। 16ਪਰ ਹੁਣ ਤੂੰ ਮੇਰੇ ਕਦਮਾਂ ਨੂੰ ਗਿਣਦਾ ਹੈਂ, ਕੀ ਤੂੰ ਮੇਰੇ ਪਾਪ**
**ਉੱਤੇ ਤਾੜ ਨਹੀਂ ਰੱਖਦਾ? 17ਮੇਰਾ ਅਪਰਾਧ ਮੋਹਰ ਲੱਗੀ ਹੋਈ ਥੈਲੀ ਵਿੱਚ ਬੰਦ ਹੈ, ਅਤੇ**
**ਤੂੰ ਮੇਰੀ ਬਦੀ ਨੂੰ ਸੀਉਂਕੇ ਰੱਖਿਆ ਹੋਇਆ ਹੈ।**

**ਆਇਤ 13. ਕਾਸ਼ ਕਿ** (מִי יִתֵּן, *ਮੀ ਯਿਥਥੇਨ)* ਇਕ ਇੱਛਾ ਦਾ ਫਾਰਮੂਲਾ ਹੈ ਜੋ ਕਿ ਅੱਯੂਬ ਦੀ ਪੁਸਤਕ ਵਿਚ ਅਕਸਰ ਪਾਇਆ ਜਾਂਦਾ ਹੈ (6:8; 19:23; 23:3; 29:2; 31:35)। ਅੱਯੂਬ ਨੇ ਪਰਮੇਸ਼ੁਰ ਦੇ **ਕ੍ਰੋਧ** ਤੋਂ ਪਨਾਹ ਲਈ ਜਗ੍ਹਾ ਦੀ ਮੰਗ ਕੀਤੀ, ਜੋ ਸਦਾ ਨਹੀਂ ਰਹੇਗੀ (ਜ਼ਬੂਰ 30:5; ਯਸਾਯਾਹ 54:8)। ਜੌਨ ਈ. ਹਾਰਟਲੀ ਨੇ ਸਮਝਾਇਆ, "ਕਿਉਂਕਿ ਧਰਤੀ ਉੱਤੇ ਅੱਯੂਬ ਲਈ ਛੁਪਣ ਵਾਸਤੇ ਕੋਈ ਜਗ੍ਹਾ ਨਹੀਂ ਹੈ, ਇਸ ਲਈ ਉਸ ਦੀ ਇੱਕੋ ਇਕ ਆਸ ਪਤਾਲ ਵਿਚ ਪਨਾਹ ਦੀ ਜਗ੍ਹਾ ਹੈ।"[1] ਅੱਯੂਬ ਚਾਹੁੰਦਾ ਸੀ ਕਿ ਪਰਮੇਸ਼ੁਰ ਉਸ ਦੀ ਮੌਤ ਤੋਂ ਬਾਅਦ ਵੀ ਉਸ ਨੂੰ **ਚੇਤੇ** ਰੱਖੇ।

**ਆਇਤ 14. ਜੇ ਪੁਰਖ ਮਰ ਜਾਵੇ ਤਾਂ ਉਹ ਫੇਰ ਜੀਵੇਗਾ?** ਇਹ ਯੁੱਗਾਂ ਤੋਂ ਚੱਲਦਾ ਆ ਰਿਹਾ ਪ੍ਰਸ਼ਨ ਹੈ! ਮਸੀਹੀ ਵਿਅਕਤੀ ਜਬਰਦਸਤ "ਹਾਂ" ਨਾਲ ਜਵਾਬ ਦਿੰਦਾ ਹੈ। ਅਸੀਂ ਪ੍ਰਭੂ ਵਿਚ ਨਿਹਚਾ ਦੇ ਰਾਹੀਂ ਫੇਰ ਜੀਵਾਂਗੇ। ਅੱਯੂਬ ਨੇ ਧੀਰਜ ਨਾਲ ਉਸ ਦੀ **ਵਾਰੀ ਦੀ ਉਡੀਕ ਕਰਨੀ** ਸੀ ਜੇ ਉਹ ਆਸ ਕਰਦਾ। ਨਾਂਉਂ "ਵਾਰੀ" (חֲלִיפָה, *ਚਲੀਪਾਹ)* ਆਇਤ 7 ਵਿਚ ਕਿਰਿਆ "ਫੁੱਟ ਨਿੱਕਲੇਗਾ" (חָלַף, *ਚਲਪ)* ਨਾਲ ਸੰਬੰਧਤ ਹੈ। "ਵਾਰੀ" ਦੀ ਬਜਾਇ, NIV ਬਾਈਬਲ ਵਿਚ "ਨਵੀਨੀਕਰਣ" ਅਤੇ NJPSV ਬਾਈਬਲ ਵਿਚ "ਬਦਲ" ਹੈ। ਹਾਲਾਂਕਿ ਅੱਯੂਬ ਨੇ ਸਰੀਰਕ ਤੌਰ ਤੇ ਜੀ ਉੱਠਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਸੀ (14:11, 12), ਫਿਰ ਉਹ ਇਸ ਬਾਰੇ ਸੋਚ ਕੇ ਵਾਪਸ ਆਇਆ। "ਜੀਵਨ ਵੱਲ ਪਰਤ ਕੇ, ਅੱਯੂਬ ਆਪਣਾ ਪੁਰਾਣਾ, ਬਿਮਾਰੀ ਵਾਲਾ ਸਰੀਰ ਛੱਡ ਦੇਵੇਗਾ ਅਤੇ ਉਸ ਨੂੰ ਉਤਸ਼ਾਹ ਨਾਲ ਭਰਪੂਰ ਜੀਵਨ ਦਿੱਤਾ ਜਾਵੇਗਾ।"[2]

**ਆਇਤਾਂ 15-17.** ਜਿਵੇਂ ਕਿ ਅੱਯੂਬ ਪਰਮੇਸ਼ੁਰ ਨਾਲ ਸੰਗਤ ਦੀ ਇੱਛਾ ਰੱਖਦਾ ਸੀ ਜਿਸ ਦਾ ਉਸ ਨੇ ਪਹਿਲਾਂ ਪਰਮੇਸ਼ੁਰ ਨਾਲ ਅਨੰਦ ਮਾਣਿਆ ਸੀ, ਉਸ ਨੇ ਇਕ ਦਿਨ ਦੀ ਕਲਪਨਾ ਕੀਤੀ ਜਦੋਂ ਪਰਮੇਸ਼ੁਰ ਉਸ ਦੇ **ਹੱਥਾਂ ਦੇ ਕੰਮ ਨੂੰ ਚਾਹਵੇਗਾ**। ਪਰਮੇਸ਼ੁਰ ਉਹ ਹੈ ਜੋ ਜ਼ਿੰਦਗੀ ਦੀ ਕਿਸਮਤ ਨੂੰ ਵੱਸ ਵਿਚ ਰੱਖਦਾ ਹੈ। ਇਹ ਪੈਰ੍ਹਾ ਇਕ ਬਿਹਤਰ ਦਿਨ ਲਈ "ਆਸ ਦੇ ਵਿਰੁੱਧ ਆਸ" ਨੂੰ ਵਿਅਕਤ ਕਰਦਾ ਹੈ। ਅੱਯੂਬ ਨੇ ਇਸ ਨੂੰ ਸਿਰਫ ਫਿੱਕੇ ਢੰਗ ਨਾਲ ਵੇਖਿਆ।

## ਅੱਯੂਬ ਦਾ ਗਮਗੀਨ ਸਿੱਟਾ (14:18-22)

**18ਪਰੰਤੂ ਪਹਾੜ ਡਿੱਗਦਾ ਡਿੱਗਦਾ ਘਸ ਜਾਂਦਾ ਅਤੇ ਚਟਾਨ ਆਪਣੇ ਥਾਂ ਤੋਂ ਸਰਕ**
**ਜਾਂਦੀ ਹੈ, 19ਪਾਣੀ ਪੱਥਰਾਂ ਨੂੰ ਘਸਾ ਸੁੱਟਦਾ ਹੈ, ਉਹ ਦਾ ਹੜ੍ਹ ਧਰਤੀ ਦੀ ਮਿੱਟੀ ਨੂੰ ਵਹਾ ਲੈ**
**ਜਾਂਦਾ ਹੈ, ਇਉਂ ਤੂੰ ਇਨਸਾਨ ਦੀ ਆਸ਼ਾ ਮਿਟਾ ਦਿੰਦਾ ਹੈਂ। 20ਤੂੰ ਸਦਾ ਉਹ ਨੂੰ ਜਿੱਤ ਲੈਂਦਾ**
**ਹੈਂ, ਅਤੇ ਉਹ ਚੱਲਿਆ ਜਾਂਦਾ ਹੈ, ਤੂੰ ਉਹ ਦਾ ਚਿਹਰਾ ਬਦਲ ਕੇ ਉਹ ਨੂੰ ਕੱਢ ਦਿੰਦਾ ਹੈਂ।**
**21ਉਹ ਦੇ ਪੁੱਤ੍ਰ ਪਤ ਪਰਾਪਤ ਕਰਦੇ ਹਨ, ਪਰ ਉਹ ਜਾਣਦਾ ਨਹੀਂ, ਓਹ ਹਲਕੇ ਪੈ ਜਾਂਦੇ**
**ਹਨ ਪਰ ਉਹ ਉਨ੍ਹਾਂ ਦਾ ਹਾਲ ਸਮਝਦਾ ਨਹੀਂ, 22ਸਗੋਂ ਉਹ ਦਾ ਉਪਰਲਾ ਮਾਸ ਦੁਖੀ**
**ਰਹਿੰਦਾ ਹੈ, ਅਤੇ ਉਹ ਦੀ ਅੰਦਰਲੀ ਜਾਨ ਸੋਗ ਕਰਦੀ ਰਹਿੰਦੀ ਹੈ।**

ਅੱਯੂਬ ਦੀ ਇਹ ਗੱਲਬਾਤ ਨਿਰਾਸ਼ਾ ਨਾਲ ਖਤਮ ਹੁੰਦੀ ਹੈ। ਅੱਯੂਬ ਨੂੰ ਉਸ ਦੇ ਦਰਦ ਅਤੇ ਕਸ਼ਟ ਤੋਂ ਕੋਈ ਰਾਹਤ ਨਹੀਂ ਮਿਲ ਰਹੀ ਸੀ।

**ਆਇਤਾਂ 18-22.** ਜਿਵੇਂ ਕੁਦਰਤ ਦੀਆਂ ਤਾਕਤਾਂ ਇਕ **ਪਹਾੜ** ਨੂੰ ਨਸ਼ਟ ਕਰ ਦਿੰਦੀਆਂ ਹਨ, ਉਸੇ ਤਰ੍ਹਾਂ ਯਹੋਵਾਹ **ਇਸਨਾਸ ਦੀ ਆਸ਼ਾ** ਨੂੰ ਨਸ਼ਟ ਕਰ ਦਿੰਦਾ ਹੈ। ਪਹਿਲਾਂ ਅੱਯੂਬ ਨੇ ਕਿਹਾ ਸੀ, "ਮੇਰੇ ਦਿਨ ਜੁਲਾਹੇ ਦੀ ਨਾਲ ਤੋਂ ਵੀ ਕਾਹਲੇ ਹਨ, ਅਤੇ ਆਸ ਤੋਂ ਬਿਨਾ ਬੀਤਦੇ ਹਨ" (7:6)। ਉਸ ਨੇ ਉਸ ਦਰਦ ਤੋਂ ਠੀਕ ਹੋਣ ਦੀ ਕੋਈ ਸੰਭਾਵਨਾ ਨਹੀਂ ਵੇਖੀ ਜਿਸ ਨੇ ਉਸ ਦੇ ਸਰੀਰ ਨੂੰ ਕਸ਼ਟ ਦਿੱਤਾ ਸੀ। ਉਸ ਨੇ ਮਹਿਸੂਸ ਕੀਤਾ ਕਿ ਪਰਮੇਸ਼ੁਰ ਨੇ **ਉਹ ਨੂੰ ਜਿੱਤ ਲਿਆ** [ਸੀ], **ਉਹ ਦਾ ਚਿਹਰਾ ਬਦਲ ਦਿੱਤਾ** [ਸੀ] ਅਤੇ **ਕੱਢ ਦਿੱਤਾ** [ਸੀ]।

## ਪ੍ਰਾਸੰਗਿਕਤਾ

### "ਯਹੋਵਾਹ, ਮੈਨੂੰ ਸਿਖਾ" (ਅਧਿਆਇ 14)

ਅੱਯੂਬ ਪਰਮੇਸ਼ੁਰ ਦੇ ਬੋਲੇ ਗਏ ਵਚਨ ਨੂੰ ਲਿਖਤੀ ਰੂਪ ਵਿਚ ਦਿੱਤੇ ਜਾਣ ਤੋਂ ਪਹਿਲਾਂ ਜੀਉਂਦਾ ਸੀ। ਉਸ ਕੋਲ ਬਾਈਬਲ ਨਹੀਂ ਸੀ ਜਿਵੇਂ ਕਿ ਸਾਡੇ ਕੋਲ ਨਿਹਚਾ ਦੇ ਮਹਾਨ ਆਤਮਿਕ ਸਿਧਾਂਤਾਂ ਨੂੰ ਸਿੱਖਣ ਦੇ ਲਈ ਬਾਈਬਲ ਹੈ। ਪਰ, ਆਪਣੇ ਵੱਡੇ ਦੁੱਖ ਵਿਚ, ਉਸ ਨੇ ਮੁਸ਼ਕਲ ਪਾਠਸ਼ਾਲਾ ਤੋਂ ਕਈ ਦਰਦਨਾਕ ਸਬਕ ਸਿੱਖੇ ਸਨ। ਅੱਯੂਬ ਨੇ ਸਿੱਖਿਆ ਸੀ ਕਿ ਹਾਲਾਤ ਕਿੰਨੀ ਜਲਦੀ ਬਦਲ ਸਕਦੇ ਹਨ। ਇਕ ਦਿਨ ਉਹ ਦੁਨੀਆ ਦੇ ਸਿਖਰ ਤੇ ਸੀ; ਫਿਰ ਅਚਾਨਕ ਦੁਖਾਂਤ ਆ ਗਿਆ ਅਤੇ ਉਸ ਦੀ ਦੁਨੀਆ ਉਲਟ ਗਈ (1:1-20)। ਅੱਯੂਬ ਨੇ ਸਿੱਖਿਆ ਸੀ ਕਿ ਯਹੋਵਾਹ ਦਿੰਦਾ ਹੈ ਅਤੇ ਯਹੋਵਾਹ ਲੈ ਲੈਂਦਾ ਹੈ ਅਤੇ ਇਹ ਕਿ ਦੋਵੇਂ ਹਾਲਾਤਾਂ ਵਿਚ ਉਸ ਦਾ ਧੰਨਵਾਦ ਕੀਤਾ ਜਾ ਸਕਦਾ ਹੈ (1:21)। ਅੱਯੂਬ ਨੇ ਸਿੱਖਿਆ ਸੀ ਕਿ ਜਦੋਂ ਲੋਕ ਸੋਚਦੇ ਹਨ ਕਿ ਚੀਜ਼ਾਂ ਵਿਗੜ ਨਹੀਂ ਸਕਦੀਆਂ, ਉਹ ਵਿਗੜ ਸਕਦੀਆਂ ਹਨ (2:1-10)। ਉਸ ਨੇ ਮਿੱਤਰ ਬਣਾਉਣ ਦੇ ਮਹੱਤਵ ਨੂੰ ਸਿੱਖਿਆ ਸੀ (2:11-13)। ਉਸ ਨੇ ਇਹ ਵੀ ਸਿੱਖਿਆ ਸੀ ਕਿ ਚੰਗੇ ਮਿੱਤਰ "ਨਿਕੰਮੇ ਵੈਦ" ਹੋ ਸਕਦੇ ਹਨ (13:4) ਜੋ ਕੁਝ ਹਾਸੋਹੀਣੀਆਂ ਗੱਲਾਂ ਕਰਦੇ ਹਨ (4:7; 8:1-4; 11:1-3, 12)।

ਅਧਿਆਇ 14 ਵਿਚ, ਅੱਯੂਬ ਨੇ ਕੁਝ ਹੋਰ ਸਬਕ ਸਾਂਝੇ ਕੀਤੇ ਜੋ ਉਸ ਨੇ ਸਿੱਖੇ ਸਨ (ਜਾਂ ਸਿੱਖਣ ਦੀ ਪ੍ਰਕਿਰਿਆ ਵਿਚ ਸੀ) ਅਤੇ ਉਸ ਨੇ ਕੁਝ ਉੱਤਮ ਪ੍ਰਸ਼ਨ ਵੀ ਪੁੱਛੇ ਜੋ ਇਹ ਸੰਕੇਤ ਕਰਦੇ ਹਨ ਕਿ ਉਹ ਯਹੋਵਾਹ ਦੇ ਬਾਰੇ, ਯਹੋਵਾਹ ਤੋਂ ਹੋਰ ਸਿੱਖਣਾ ਚਾਹੁੰਦਾ ਸੀ।

***"ਯਹੋਵਾਹ, ਮੈਨੂੰ ਸਿਖਾ ਕਿ ਜ਼ਿੰਦਗੀ ਛੋਟੀ ਹੈ।"*** ਜਦੋਂ ਉਸ ਦੀ ਦੁਖਦਾਈ ਸਥਿਤੀ ਜਾਰੀ ਰਹੀ, ਅੱਯੂਬ ਨੇ ਸਿੱਖਿਆ ਕਿ ਜ਼ਿੰਦਗੀ ਛੋਟੀ ਹੈ। ਉਸ ਨੇ ਜ਼ਿੰਦਗੀ ਦੀ ਤੁਲਨਾ ਇਕ ਫੁੱਲ ਅਤੇ ਇਕ ਸਾਯੇ ਨਾਲ ਕੀਤੀ ਅਤੇ ਫਿਰ ਇਹ ਟਿੱਪਣੀ ਕੀਤੀ ਕਿ ਪਰਮੇਸ਼ੁਰ ਜਾਣਦਾ ਹੈ ਕਿ ਮਨੁੱਖ ਇਸ ਧਰਤੀ ਉੱਤੇ ਕਿੰਨੇ ਦਿਨ ਬਿਤਾਏਗਾ (14:2, 5)। ਜ਼ਬੂਰ 39:4, 5 ਵਿਚ, ਦਾਊਦ ਨੇ ਇਹ ਬੇਨਤੀ ਕੀਤੀ: "ਹੇ ਯਹੋਵਾਹ, ... ਮੇਰੇ ਦਿਨਾਂ ਦੀ ਲੰਬਾਈ ਕਿੰਨੀ ਹੈ। ਵੇਖ, ਮੈਂ ਤੇਰੇ ਦਿਨ ਚੱਪਾ ਭਰ ਠਹਿਰਾਏ ਹਨ ... ਸੱਚ ਮੁੱਚ ਹਰ ਆਦਮੀ ਭਾਵੇਂ ਇਸਥਿਰ ਵੀ ਹੋਵੇ, ਤਦ ਵੀ ਸਾਹ ਮਾਤ੍ਰ ਹੀ ਹੈ!" ਜ਼ਬੂਰ 90:10 ਵਿਚ, ਮੂਸਾ ਨੇ ਕਿਹਾ, "ਸਾਡੀ ਉਮਰ ਦੇ ਦਿਨ ਸੱਤ੍ਰ ਵਰ੍ਹੇ ਹਨ, ਪਰ ਜੇ ਸਾਹ ਸਤ ਹੋਵੇ ਤਾਂ ਅੱਸੀ ਵਰ੍ਹੇ।" ਸਾਡੇ ਪ੍ਰਭੂ ਦੇ ਭਰਾ, ਯਾਕੂਬ ਨੇ ਸਾਨੂੰ ਵਿਚਾਰਨ ਲਈ ਕਿਹਾ ਕਿ ਸਾਡੀ ਜ਼ਿੰਦਗੀ "ਭਾਫ਼ ਹੈ ਜਿਹੜੀ ਥੋੜਾਕੁ ਚਿਰ ਦਿੱਸਦੀ ਹੈ, ਫਿਰ ਅਲੋਪ ਹੋ ਜਾਂਦੀ ਹੈ" (ਯਾਕੂਬ 4:14)। ਅੱਯੂਬ ਨੇ ਸਬਕ ਸਿੱਖਿਆ ਕਿ ਜ਼ਿੰਦਗੀ ਛੋਟੀ ਹੈ। ਮਸੀਹੀ ਹੋਣ

ਦੇ ਨਾਤੇ, ਸਾਨੂੰ ਵੀ ਇਹ ਸਿੱਖਣ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਵੀ ਹਰ ਦਿਨ ਦਾ ਲਾਭ ਉਠਾ ਸਕੀਏ ਅਤੇ ਸਮੇਂ ਨੂੰ ਲਾਭਦਾਇਕ ਸਮਝੀਏ (ਅਫ਼ਸੀਆਂ 5:16)।

*"ਯਹੋਵਾਹ, ਮੈਨੂੰ ਸਿਖਾ ਕਿ ਜ਼ਿੰਦਗੀ ਕਸ਼ਟ ਨਾਲ ਭਰੀ ਹੋਈ ਹੈ।"* ਅਲੀਫ਼ਜ਼ ਨੇ ਇਹ ਸੱਚ 5:7 ਵਿਚ ਪਹਿਲਾਂ ਹੀ ਦੱਸ ਦਿੱਤਾ ਸੀ, ਪਰ ਅੱਯੂਬ ਇਸ ਸਿਧਾਂਤ ਨੂੰ ਪੂਰਾ ਕਰ ਰਿਹਾ ਸੀ। ਕਿਉਂਕਿ ਅਸੀਂ ਇਕ ਭ੍ਰਿਸ਼ਟ ਸੰਸਾਰ ਵਿਚ ਰਹਿੰਦੇ ਹਨ, ਜ਼ਿੰਦਗੀ ਕਸ਼ਟ ਨਾਲ ਭਰੀ ਹੋਈ ਹੈ (ਯੂਹੰਨਾ 16:33)। ਅੱਯੂਬ ਇਕ ਚੰਗਾ ਮਨੁੱਖ ਸੀ, ਫਿਰ ਵੀ ਉਹ ਕੁੱਟਿਆ ਗਿਆ, ਕੁਚਲਿਆ ਗਿਆ ਅਤੇ ਤੋੜਿਆ ਗਿਆ। ਅੱਯੂਬ ਇਕ ਚੰਗਾ ਮਨੁੱਖ ਸੀ, ਫਿਰ ਵੀ ਉਹ ਦੁੱਖ ਨਾਲ ਕੁਚਲਿਆ ਗਿਆ ਸੀ, ਫੋੜਿਆਂ ਨਾਲ ਢੱਕਿਆ ਗਿਆ ਸੀ ਅਤੇ ਉਸ ਦੇ ਮਿੱਤਰਾਂ ਦੀ ਸਲਾਹ ਦੁਆਰਾ ਉਲਝਾਇਆ ਗਿਆ ਸੀ। ਉਨ੍ਹਾਂ ਨੇ ਉਸ ਨੂੰ ਦਿਲਾਸਾ ਦੇਣ ਦੀ ਬਜਾਇ ਉਸ ਦਾ ਸਾਹਮਣਾ ਕੀਤਾ ਸੀ।

ਇਸ ਸਿਧਾਂਤ ਨੂੰ ਸਮਝਣਾ ਸਾਨੂੰ ਸੁਰਗ ਲਈ ਤਰਸਣ ਵਾਸਤੇ ਹੋਰ ਜ਼ਿਆਦਾ ਮਜਬੂਰ ਕਰ ਦਿੰਦਾ ਹੈ। ਪੌਲੁਸ ਨੇ ਇਸ ਤਰ੍ਹਾਂ ਲਿਖਿਆ: "ਅਸੀਂ ... ਕਸ਼ਟ ਵਿੱਚ ਹਾਂ ਪਰ ਮਿੱਧੇ ਨਹੀਂ ਗਏ, ਦੁਬਧਾ ਵਿੱਚ ਹਾਂ ਪਰ ਹੱਦੋਂ ਵਧ ਨਹੀਂ, ਸਤਾਏ ਜਾਂਦੇ ਹਾਂ ਪਰ ਇਕੱਲੇ ਨਹੀਂ ਛੱਡੇ ਜਾਂਦੇ, ਡੇਗੇ ਜਾਂਦੇ ਹਾਂ ਪਰ ਨਾਸ ਨਹੀਂ ਹੁੰਦੇ। ... ਕਿਉਂ ਜੋ ਇਸ ਵਿੱਚ ਅਸੀਂ ਤਾਂ ਹਾਉਕੇ ਭਰਦੇ ਹਾਂ ਅਤੇ ਤਰਸਦੇ ਹਾਂ ਭਈ ਆਪਣੇ ਵਸੇਬੇ ਨੂੰ ਜਿਹੜਾ ਸੁਰਗੋਂ ਹੈ ਉਦਾਲੇ ਲੈ ਲਈਏ" (2 ਕੁਰਿੰਥੀਆਂ 4:8, 9; 5:2)।

*"ਯਹੋਵਾਹ, ਮੈਨੂੰ ਸਿਖਾ ਕਿ ਮੌਤ ਤੋਂ ਬਾਅਦ ਜੀਵਨ ਹੈ।"* ਕਿਉਂਕਿ ਅੱਯੂਬ ਨੇ ਆਪਣੇ ਆਪ ਨੂੰ ਠੀਕ ਹੁੰਦੇ ਨਹੀਂ ਵੇਖਿਆ, ਇਸ ਲਈ ਉਸ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਮੌਤ ਤੋਂ ਬਾਅਦ ਵੀ ਜੀਵਨ ਹੈ ਜਾਂ ਨਹੀਂ। ਯੁੱਗਾਂ ਤੋਂ, ਲੋਕ ਹਮੇਸ਼ਾ ਇਸ ਮੁੱਦੇ ਨਾਲ ਸੰਘਰਸ਼ ਕਰਦੇ ਰਹੇ ਹਨ। ਅੱਯੂਬ ਨੇ ਕਿਹਾ ਕਿ "ਰੁੱਖ ਲਈ ਤਾਂ ਆਸਾ ਹੈ, ਭਈ ਜੇ ਉਹ ਕੱਟਿਆ ਜਾਵੇ" ਅਤੇ ਉਸ ਦਾ ਮੰਨਣਾ ਸੀ ਕਿ ਅਜਿਹਾ ਰੁੱਖ "ਫੇਰ ਫੁੱਟੇਗਾ" ਅਤੇ "ਪਾਣੀ ਦੀ ਵਾਸ ਤੋਂ ਉਹ ਦੀਆਂ ਕੂੰਬਲਾਂ ਫੁੱਟ ਨਿੱਕਲਣਗੀਆਂ" (14:7-9)। ਪਰ, ਅੱਯੂਬ ਕੋਲ ਅਜੇ ਵੀ ਇਸ ਬਾਰੇ ਪ੍ਰਸ਼ਨ ਸਨ ਕਿ ਇਹ ਸਿਧਾਂਤ ਮਨੁੱਖਾਂ ਵਿਚ ਸਹੀ ਹੈ ਜਾਂ ਨਹੀਂ (14:10)। ਅਸੀਂ ਯਿਸੂ ਦੀ ਸਲੀਬ ਅਤੇ ਜੀ ਉੱਠਣ ਬਾਰੇ ਜਾਣ ਕੇ ਬਹੁਤ ਮੁਬਾਰਕ ਹਾਂ, ਪਰ ਅੱਯੂਬ ਪੁਰਖਿਆਂ ਦੇ ਯੁੱਗ ਵਿਚ ਰਹਿੰਦਾ ਸੀ। ਉਹ ਯਿਸੂ ਦੀ ਮੌਤ ਅਤੇ ਜੀ ਉੱਠਣ ਬਾਰੇ ਅਤੇ ਆਖ਼ਰਕਾਰ, ਮਰੇ ਹੋਇਆਂ ਦੇ ਜੀ ਉੱਠਣ ਬਾਰੇ ਕੁਝ ਨਹੀਂ ਜਾਣਦਾ ਸੀ। ਆਇਤ 14 ਵਿਚ, ਅੱਯੂਬ ਨੇ ਯੁੱਗਾਂ ਦਾ ਪ੍ਰਸ਼ਨ ਪੁੱਛਿਆ, "ਜੇ ਪੁਰਖ ਮਰ ਜਾਵੇ ਤਾਂ ਉਹ ਫੇਰ ਜੀਵੇਗਾ?" ਭਾਵੇਂ ਕਿ ਅੱਯੂਬ ਨੇ ਇਹ ਗਹਿਰਾ ਸਵਾਲ ਬਹੁਤ ਪਹਿਲਾਂ ਪੁੱਛਿਆ ਸੀ, ਇਹ ਅੱਜ ਵੀ ਓਨਾ ਹੀ ਢੁਕਵਾਂ ਹੈ ਜਿੰਨਾ ਕਿ ਉਦੋਂ ਜਦੋਂ ਉਸ ਨੇ ਇਹ ਪੁੱਛਿਆ ਸੀ। "ਯਹੋਵਾਹ, ਮੈਨੂੰ ਸਿਖਾ ਕਿ ਮੌਤ ਤੋਂ ਬਾਅਦ ਜੀਵਨ ਹੈ!"

*"ਯਹੋਵਾਹ, ਮੈਨੂੰ ਉਡੀਕ ਕਰਨਾ ਸਿਖਾ।"* ਅੱਯੂਬ ਦੁਆਰਾ ਮੌਤ ਤੋਂ ਬਾਅਦ ਜੀਵਨ ਬਾਰੇ ਆਪਣੇ ਡੂੰਘੇ ਪ੍ਰਸ਼ਨ ਤੋਂ ਬਾਅਦ, ਉਸ ਨੇ ਸਵੀਕਾਰ ਕੀਤਾ ਕਿ ਉਹ ਜੱਦੋ-ਜਹਿਦ ਕਰਨਾ ਜਾਰੀ ਰੱਖੇਗਾ: "ਆਪਣੇ ਜੁੱਧ ਦੇ ਸਾਰੇ ਦਿਨ ਮੈਂ ਉਡੀਕ ਵਿੱਚ ਰਹਾਂਗਾ, ਜਦ ਤੀਕ ਮੇਰੀ ਵਾਰੀ ਨਾ ਆਵੇ" (14:14)। ਉਸ ਨੇ ਆਪਣੇ ਆਪ ਨੂੰ ਆਪਣੇ ਪ੍ਰਸ਼ਨ ਦੀ ਉਡੀਕ ਕਰਨ ਲਈ ਵਚਨਬੱਧ ਕੀਤਾ ਜਦੋਂ ਤੱਕ ਉਸ ਦੀ ਨਿਹਚਾ ਨਜ਼ਰ ਨਹੀਂ ਆਉਂਦੀ। ਅੱਜ, ਅੱਯੂਬ ਦਾ ਨਾਮ "ਧੀਰਜ" ਦਾ ਸਮਾਨਾਰਥੀ ਹੈ।

ਪਰ, ਸਾਡੇ ਵਿੱਚੋਂ ਬਹੁਤ ਸਾਰਿਆਂ ਦੇ ਲਈ ਧੀਰਜ ਆਤਮਾ ਦਾ ਇਕ ਫਲ ਹੈ ਅਤੇ ਇਕ ਮਸੀਹੀ ਗੁਣ ਹੈ ਜਿਸ ਦੀ ਸਾਨੂੰ ਕੰਮ ਕਰਦੇ ਰਹਿਣ ਲਈ ਜ਼ਰੂਰਤ ਹੈ। ਕੀ ਤੁਸੀਂ ਕਹੋਗੇ ਕਿ

ਤੁਸੀਂ ਇਕ ਧੀਰਜਵਾਨ ਵਿਅਕਤੀ ਹੋ, ਜਾਂ ਕੀ ਤੁਹਾਨੂੰ ਯਹੋਵਾਹ ਦੀ ਉਡੀਕ ਕਰਨਾ ਸਿੱਖਣ ਲਈ ਵਧੇਰੇ ਧੀਰਜ ਦੀ ਜ਼ਰੂਰਤ ਹੈ? ਬਾਈਬਲ ਸਿਖਾਉਂਦੀ ਹੈ ਕਿ ਉਡੀਕ ਕਰਨਾ ਸਾਡੇ ਲਈ ਚੰਗਾ ਹੈ। ਵਿਰਲਾਪ 3:25, 26 ਕਹਿੰਦੀਆਂ ਹਨ, "ਯਹੋਵਾਹ ਉਹ ਦੇ ਲਈ ਭਲਾ ਹੈ ਜਿਹੜਾ ਉਸ ਨੂੰ ਉਡੀਕਦਾ ਹੈ। ... ਭਲਾ ਹੈ ਕਿ ਮਨੁੱਖ ਚੁੱਪ ਚਾਪ ਯਹੋਵਾਹ ਦੇ ਬਚਾਉ ਲਈ ਆਸਾ ਰੱਖੇ।" ਜ਼ਬੂਰ 27 ਵਿਚ, ਦਾਊਦ ਨੇ ਪ੍ਰਾਰਥਨਾ ਕੀਤੀ, "ਹੇ ਯਹੋਵਾਹ, ਆਪਣਾ ਰਾਹ ਮੈਨੂੰ ਸਿਖਲਾ। ... ਯਹੋਵਾਹ ਨੂੰ ਉਡੀਕ, ਤਕੜਾ ਹੋ ਅਤੇ ਤੇਰਾ ਮਨ ਦਿਲੇਰ ਹੋਵੇ, ਹਾਂ ਯਹੋਵਾਹ ਨੂੰ ਹੀ ਉਡੀਕ" (ਜ਼ਬੂਰ 27:11, 14)। ਦਾਊਦ ਨੇ ਹੋਰ ਮੌਕਿਆਂ ਤੇ ਵੀ ਇਹੀ ਕਿਹਾ ਸੀ (ਜ਼ਬੂਰਾਂ 37:7; 40:1)। ਯਸਾਯਾਹ ਨੇ ਲਿਖਿਆ, "ਪਰ ਯਹੋਵਾਹ ਦੇ ਉਡੀਕਣ ਵਾਲੇ ਨਵੇਂ ਸਿਰਿਓਂ ਬਲ ਪਾਉਣਗੇ, ਓਹ ਉਕਾਬਾਂ ਵਾਂਙੁ ਖੰਭਾਂ ਉੱਤੇ ਉੱਡਣਗੇ, ਓਹ ਦੌੜਨਗੇ ਤੇ ਨਾ ਥੱਕਣਗੇ, ਓਹ ਫਿਰਨਗੇ ਅਰ ਹੁੱਸਣਗੇ ਨਹੀਂ" (ਯਸਾਯਾਹ 40:31)। "ਯਹੋਵਾਹ, ਮੈਨੂੰ ਉਡੀਕ ਕਰਨਾ ਸਿਖਾ।"

*"ਯਹੋਵਾਹ, ਮੈਨੂੰ ਆਪਣੇ ਸੁਭਾਅ ਬਾਰੇ ਹੋਰ ਸਿਖਾ।"* 1 ਪਤਰਸ 3:20 ਵਿਚ, ਪਤਰਸ ਨੇ ਕਿਹਾ ਕਿ ਧੀਰਜ ਨਾਲ ਉਡੀਕ ਕਰਨਾ ਪਰਮੇਸ਼ੁਰ ਦੀ ਇਕ ਵਿਸ਼ੇਸ਼ਤਾ ਹੈ। ਧੀਰਜ ਨਾਲ ਉਡੀਕ ਕਰਨਾ ਸਿੱਖ ਕੇ, ਅੱਯੂਬ ਪਰਮੇਸ਼ੁਰ ਦੇ ਸੁਭਾਅ ਬਾਰੇ ਹੋਰ ਸਿੱਖ ਜਾਵੇਗਾ। ਰੋਮੀਆਂ 15:13 ਸਾਨੂੰ ਦੱਸਦੀ ਹੈ ਕਿ ਪਰਮੇਸ਼ੁਰ "ਆਸਾ ਦਾ ਪਰਮੇਸ਼ੁਰ ਹੈ।" ਪਰ, ਅੱਯੂਬ 14:19 ਵਿਚ, ਅੱਯੂਬ ਉਸ ਸਮੇਂ ਵੱਲ ਵਾਪਸ ਆਇਆ ਜਦੋਂ ਉਸ ਦੀ ਜ਼ਿਆਦਾਤਰ ਆਸ ਖਤਮ ਹੋ ਗਈ ਸੀ। ਪਹਿਲਾਂ, ਅੱਯੂਬ ਨੇ ਭਰੋਸੇ ਨਾਲ ਪਰਮੇਸ਼ੁਰ ਵਿਚ ਉਸ ਦੀ ਆਸ ਰੱਖਣ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਸੀ (13:15), ਪਰ ਇੱਥੇ ਅੱਯੂਬ ਨੇ ਕਿਹਾ, "ਪਹਾੜ ਡਿੱਗਦਾ ਡਿੱਗਦਾ ਘਸ ਜਾਂਦਾ ... ਪਾਣੀ ਪੱਥਰਾਂ ਨੂੰ ਘਸਾ ਸੁੱਟਦਾ ਹੈ ... ਇਉਂ ਤੂੰ ਇਨਸਾਨ ਦੀ ਆਸ਼ਾ ਮਿਟਾ ਦਿੰਦਾ ਹੈਂ" (14:18, 19)। ਇਹ ਬਸ ਸੱਚ *ਨਹੀਂ* ਹੈ; ਅੱਯੂਬ ਦਾ ਬਿਆਨ ਦੱਸਦਾ ਹੈ ਕਿ ਉਸ ਨੂੰ ਅਜੇ ਵੀ ਪਰਮੇਸ਼ੁਰ ਦੇ ਸੁਭਾਅ ਬਾਰੇ ਹੋਰ ਜਾਣਨ ਦੀ ਜ਼ਰੂਰਤ ਸੀ।

*ਸਿੱਟਾ।* ਅੱਯੂਬ ਨੇ ਜ਼ਿੰਦਗੀ ਦੇ ਕਲਾਸਰੂਮ ਵਿਚ ਆਪਣੀ ਬਿਪਤਾ ਤੋਂ ਬਹੁਤ ਪ੍ਰਭਾਵਸ਼ਾਲੀ ਸਬਕ ਸਿੱਖੇ ਸਨ। ਪਰ, ਉਸ ਕੋਲ ਅਜੇ ਵੀ ਪਰਮੇਸ਼ੁਰ ਦੇ ਰਾਹਾਂ ਅਤੇ ਉਸ ਦੀ ਇੱਛਾ ਬਾਰੇ ਸਿੱਖਣ ਲਈ ਬਹੁਤ ਕੁਝ ਸੀ। ਅੱਯੂਬ ਸਿੱਖਦਾ ਰਿਹਾ ਅਤੇ ਖੁਦ ਪਰਮੇਸ਼ੁਰ ਕੋਲੋਂ ਪ੍ਰਸ਼ਨ ਪੁੱਛਦਾ ਰਿਹਾ ਜਿਹੜਾ ਮੁੱਖ ਗੁਰੂ ਹੈ। ਅੱਯੂਬ ਦੀ ਤਰ੍ਹਾਂ, ਸਾਨੂੰ ਵੀ ਪਰਮੇਸ਼ੁਰ ਨੂੰ ਬਿਹਤਰ ਜਾਣਨਾ ਅਤੇ ਆਪਣੇ ਜੀਵਨਾਂ ਲਈ ਉਸ ਦੇ ਉਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ। ਐਫ. ਮਿਲਸ

---

## ਟਿੱਪਣੀਆਂ

[1]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 236. [2]ਉਸੇ ਸਥਾਨ ਤੇ। [3]"ਆਸ ਦੇ ਵਿਰੁੱਧ ਆਸ ਕਰਨਾ" ਸ਼ਬਦਾਵਲੀ ਪਰਮੇਸ਼ੁਰ ਦੇ ਇਸ ਵਾਅਦੇ ਵਿਚ ਅਬਰਾਹਾਮ ਦੇ ਵਿਸ਼ਵਾਸ ਦਾ ਵਰਣਨ ਕਰਦੀ ਹੈ ਕਿ ਉਹ "ਬਾਹਲੀਆਂ ਕੌਮਾਂ ਦਾ ਪਿਤਾ" ਹੋਵੇਗਾ, ਇਸ ਤੱਥ ਦੇ ਬਾਵਜੂਦ ਕਿ ਉਹ "ਸੌਕੁ ਵਰਿਹਾਂ ਦਾ ਹੋ ਗਿਆ ਸੀ" ਅਤੇ ਉਸ ਦੀ ਦੇਹ "ਮੁਰਦੇ ਵਰਗੀ" ਸੀ (ਰੋਮੀਆਂ 4:18, 19)। ਪਰਮੇਸ਼ੁਰ ਉਹ ਹੈ ਜਿਹੜਾ "ਮੁਰਦਿਆਂ ਨੂੰ ਜਿਵਾਲਦਾ ਅਤੇ ਓਹਨਾਂ ਅਣਹੋਣੀਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁਖ ਹਨ" (ਰੋਮੀਆਂ 4:17)।